**Office of the Deputy Commissioner & Distt. Magistrate, Bathinda**
**(Corona Monitoring Cell)**

**ਦਫਤਰੀ ਹੁਕਮ**

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਨੂੰ ਫੈਲਣ ਤੋਂ ਰੋਕਣ ਲਈ ਨਿਮਨਹਸਤਾਖਰ ਵੱਲੋਂ ਪਿੱਠ ਅੰਕਣ ਨੰਬਰ 5713-99 ਮਿਤੀ 23-3/2020 ਰਾਹੀਂ ਅਧੀਨ ਧਾਰਾ 144 ਫੌਜ਼ਦਾਰੀ ਜਾਬਤਾ ਸੰਘਤਾ, 1973 ਬਠਿੰਡਾ ਜ਼ਿਲ੍ਹਾ ਦੀ ਹਦੂਦ ਅੰਦਰ ਕਿਸੇ ਵੀ ਪਬਲਿਕ ਦੇ ਵਿਅਕਤੀ ਨੂੰ ਘਰ ਤੋਂ ਬਾਹਰ ਸੜਕ ਜਾਂ ਪਬਲਿਕ ਜਗ੍ਹਾ ਤੇ ਆਉਣ ਤੋਂ ਮਨਾਹੀ ਕਰਦੇ ਹੋਏ ਕਰਫਿਊ ਦੇ ਹੁਕਮ ਜਾਰੀ ਕੀਤੇ ਗਏ ਸਨ।

ਜ਼ਿਲ੍ਹਾ ਬਠਿੰਡਾ ਵਿੱਚ ਕਰੋਨਾ ਪੀੜਤਾਂ ਅਤੇ ਕਰੋਨਾ ਸ਼ੱਕੀ ਕੇਸਾਂ ਨੂੰ ਰੱਖਣ ਲਈ ਵੱਖ ਵੱਖ Quarantine facilties ਅਤੇ ਕੋਵਿਡ ਕੇਅਰ ਸੈਂਟਰ ਸਥਾਪਤ ਕੀਤੇ ਗਏ ਹਨ। ਭਾਰਤ ਸਰਕਾਰ ਵੱਲੋਂ ਵੱਖ ਵੱਖ ਰਾਜਾਂ ਵਿੱਚ ਲਾਕ ਡਾਊਨ / ਕਰਫਿਊ ਦੌਰਾਨ ਫਸੇ ਹੋਏ ਵਸਨੀਕਾਂ ਨੂੰ ਆਪਣੇ ਆਪਣੇ ਰਾਜਾਂ ਵਿੱਚ ਭੇਜਣ ਦਾ ਫੈਸਲਾ ਕੀਤਾ ਹੈ। ਇਸ ਕਾਰਨ ਜ਼ਿਲ੍ਹੇ ਵਿੱਚ ਵੀ ਬਾਹਰਲੇ ਰਾਜਾਂ / ਜ਼ਿਲ੍ਹਿਆਂ ਵਿੱਚੋਂ ਵਸਨੀਕਾਂ ਦੇ ਆਉਣ ਦੀ ਸੰਭਾਵਨਾ ਹੈ। ਕਰੋਨਾ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਅਜਿਹੇ ਵਿਅਕਤੀਆਂ ਨੂੰ ਪ੍ਰੋਟੋਕਲ ਅਨੁਸਾਰ 21 ਦਿਨਾਂ ਲਈ Quarantine ਕੀਤਾ ਜਾਣਾ ਹੈ। ਇਸ ਲਈ ਜ਼ਿਲ੍ਹੇ ਦੇ ਸਾਰੇ ਪਿੰਡਾਂ ਵਿੱਚ Quarantine ਸੈਂਟਰ ਬਣਾਉਣ ਦਾ ਫੈਸਲਾ ਕੀਤਾ ਜਾਂਦਾ ਹੈ। ਇਹਨਾਂ Quarantine ਸੈਂਟਰਾਂ ਤੇ ਵੱਖ ਵੱਖ ਤਰ੍ਹਾਂ ਦੀਆਂ ਲੋੜੀਂਦੀਆਂ ਸਹੂਲਤਾਂ ਦੇਣ ਲਈ ਹੇਠ ਲਿਖੇ ਅਨੁਸਾਰ ਡਿਊਟੀਆਂ ਲਗਾਈਆਂ ਜਾਂਦੀਆਂ ਹਨ:-

1. ਹਰੇਕ ਪਿੰਡ ਦਾ ਸਰਪੰਚ ਆਪਣੇ ਆਪਣੇ ਪਿੰਡ ਵਿੱਚ ਸਕੂਲ/ਕਮਿਊਨਟਰੀ ਸੈਂਟਰ/ ਧਰਮਸ਼ਾਲਾ (ਜੋ ਵੀ ਉਪਲੱਬਧ ਹੋਵੇ) ਨੂੰ Quarantine ਸੈਂਟਰ ਵਿੱਚ ਤਬਦੀਲ ਕਰਨਗੇ ਅਤੇ ਇੱਥੇ ਬਾਹਰੋਂ ਆਏ ਵਿਅਕਤੀਆਂ ਦੇ ਠਹਿਰਣ ਦਾ ਪ੍ਰਬੰਧ (ਜਿਵੇਂ ਕਿ ਮੰਜੇ, ਪੱਖੇ, ਬਿਸਤਰੇ, ਬਰਤਨ ਆਦਿ) ਅਤੇ ਖਾਣਾ/ਚਾਹ/ਦੁੱਧ/ਪੀਣ ਵਾਲੇ ਪਾਣੀ ਅਤੇ ਹੋਰ ਜਰੂਰਤ ਵਾਲੀਆਂ ਵਸਤੂਆਂ ਦਾ ਪ੍ਰਬੰਧ ਕਰਨਗੇ।
   ਇੰਨ੍ਹਾਂ ਪਿੰਡਾਂ ਵਿੱਚ ਤੈਨਾਤ ਪੰਚਾਇਤ ਸਕੱਤਰ ਸਬੰਧਤ ਸਰਪੰਚ ਨੂੰ ਇਹ ਵਸਤੂਆਂ ਮੁਹੱਈਆ ਕਰਾਉਣ ਵਿੱਚ ਉਨ੍ਹਾਂ ਦੀ ਮੱਦਦ ਕਰਨਗੇ।
2. ਬਲਾਕ ਵਿਕਾਸ ਤੇ ਪੰਚਾਇਤ ਅਫਸਰ ਆਪਣੇ ਆਪਣੇ ਬਲਾਕਾਂ ਵਿੱਚ Quarantine ਸੈਂਟਰਾਂ ਦੇ ਨੋਡਲ ਅਫਸਰ ਹੋਣਗੇ ਅਤੇ Quarantine ਸੈਂਟਰਾਂ ਨੂੰ ਵਧੀਆ ਹਾਲਤ ਵਿੱਚ ਰਹਿਣਯੋਗ ਬਨਾਉਣ ਲਈ ਲੋੜੀਂਦੇ ਪ੍ਰਬੰਧ ਕਰਨਗੇ।
3. ਸੀਨੀਅਰ ਕਪਤਾਨ ਪੁਲਿਸ, ਬਠਿੰਡਾ ਇੰਨ੍ਹਾਂ Quarantine ਸੈਂਟਰਾਂ ਲਈ ਲੋੜੀਂਦੀ ਪੁਲਿਸ ਮੁਹੱਈਆ ਕਰਾਉਣਗੇ।
4. ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਹਰੇਕ Quarantine ਸੈਂਟਰਾਂ ਤੇ ਪਾਣੀ ਦਾ ਪ੍ਰਬੰਧ ਅਤੇ ਸੈਨੀਟੇਸ਼ਨ ਨੂੰ ਹਰ ਪੱਖੋਂ ਮੁਕੰਮਲ ਰੱਖਣ ਲਈ ਲੋੜੀਂਦੇ ਪ੍ਰਬੰਧ ਕਰਨਗੇ।
5. ਕਾਰਜਕਾਰੀ ਇੰਜੀਨੀਅਰ, ਇਲੈਕਟ੍ਰਿਕ ਵਿੰਗ ਹਰੇਕ Quarantine ਸੈਂਟਰਾਂ ਤੇ ਬਿਜਲੀ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣਗੇ।
6. ਜ਼ਿਲ੍ਹਾ ਸਿੱਖਿਆ ਅਫਸਰ (ਪ੍ਰਾਇਮਰੀ) / (ਸੈਕੰਡਰੀ), ਬਠਿੰਡਾ ਆਪਣੇ ਆਪਣੇ ਅਧੀਨ ਆਉਂਦੇ ਸਕੂਲਾਂ ਵਿੱਚ Quarantine ਸੈਂਟਰਾਂ ਤੇ ਸਬੰਧਤ ਸਰਪੰਚ ਨੂੰ ਹਰ ਸੰਭਵ ਮੱਦਦ ਮੁਹੱਈਆ ਕਰਾਉਣਗੇ।
7. ਸਿਵਲ ਸਰਜਨ, ਬਠਿੰਡਾ ਆਪਣੇ ਅਧੀਨ ਆਉਂਦੇ ਮੈਡੀਕਲ/ਪੈਰਾਮੈਡੀਕਲ ਸਟਾਫ ਰਾਹੀਂ ਇੰਨ੍ਹਾਂ Quarantine ਸੈਂਟਰਾਂ ਵਿੱਚ ਰਹਿਣ ਵਾਲੇ ਵਿਅਕਤੀਆਂ ਦੀ ਹਰ ਰੋਜ਼ ਮੈਡੀਕਲ ਸਕਰੀਨਿੰਗ ਕੀਤੀ ਜਾਣੀ ਯਕੀਨੀ ਬਨਾਉਣਗੇ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਬਠਿੰਡਾ ਅਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਬਠਿੰਡਾ ਜ਼ਿਲ੍ਹਾ ਪੱਧਰ ਤੇ ਇੰਨ੍ਹਾਂ Quarantine ਸੈਂਟਰਾਂ ਦੇ ਨੋਡਲ ਅਧਿਕਾਰੀ ਹੋਣਗੇ। ਬਾਹਰਲੇ ਜ਼ਿਲ੍ਹਿਆਂ ਵਿੱਚੋਂ ਆਉਣ ਵਾਲੇ ਵਿਅਕਤੀਆਂ ਦੀ ਸੂਚਨਾ ਸਬੰਧਤ ਬੀ.ਡੀ.ਪੀ.ਓ. ਰਾਹੀਂ ਪਿੰਡ ਦੇ ਸਰਪੰਚ ਪਾਸ ਭੇਜਣਗੇ ਅਤੇ ਇਸ ਜ਼ਿਲ੍ਹੇ ਵਿੱਚੋਂ ਬਾਹਰ ਜਾਣ ਵਾਲੇ ਵਿਅਕਤੀਆਂ ਦਾ ਦੂਜੇ ਜ਼ਿਲ੍ਹਿਆਂ ਪਾਸ ਸੂਚਨਾ ਭੇਜਣਾ ਯਕੀਨੀ ਬਨਾਉਣਗੇ।

ਇੰਨ੍ਹਾਂ Quarantine ਸੈਂਟਰਾਂ ਦੇ ਨਜ਼ਦੀਕ ਜਾਣ ਵਾਲੇ ਹਰ ਅਧਿਕਾਰੀ / ਕਰਮਚਾਰੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਕੋਰੋਨਾ ਇੱਕ ਭਿਆਨਕ ਮਹਾਂਮਾਰੀ ਹੈ, ਇਸ ਲਈ ਇਸ ਦੇ ਮਰੀਜ਼ਾਂ / ਸ਼ੱਕੀ ਵਿਅਕਤੀਆਂ ਨਾਲ ਤਾਲਮੇਲ ਕਰਨ ਸਮੇਂ ਹਰ ਸਮੇਂ ਸੰਭਵ ਦੂਰੀ ਬਣਾਈ ਜਾਵੇ। ਇੰਨ੍ਹਾਂ Quarantine ਸੈਂਟਰਾਂ ਵਿੱਚੋਂ ਕੋਈ ਵਿਅਕਤੀ ਬਾਹਰ ਨਾ ਜਾਵੇ ਅਤੇ ਨਾ ਹੀ ਬਾਹਰ ਦਾ ਵਿਅਕਤੀ ਅੰਦਰ ਜਾਵੇ। ਇਸ ਸਬੰਧੀ ਭਾਰਤ ਸਰਕਾਰ / ਰਾਜ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ। ਸਾਰੇ ਬੀ.ਡੀ.ਪੀ.ਓਜ਼ ਆਪਣੇ ਆਪਣੇ ਏਰੀਏ ਦੇ ਸਰਪੰਚਾਂ ਅਤੇ ਇੰਨ੍ਹਾਂ Quarantine ਸੈਂਟਰਾਂ ਨਾਲ ਡੀਲ ਕਰਨ ਵਾਲੇ ਵਿਅਕਤੀਆਂ ਨੂੰ ਕੋਵਿਡ ਸਬੰਧੀ ਜਾਰੀ ਕੀਤੀਆਂ ਹਦਾਇਤਾਂ ਅਤੇ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਬਾਰੇ ਟਰੇਨਿੰਗ ਦਿੰਦੇ ਰਹਿਣਗੇ।

ਇਸ ਸਬੰਧੀ ਜੇਕਰ ਕਿਸੇ ਵੱਲੋਂ ਉਪਰੋਕਤ ਹਦਾਇਤਾਂ ਅਤੇ ਕੋਵਿਡ-19 ਨਾਲ ਸਬੰਧਤ ਹਦਾਇਤਾਂ ਦੀ ਕੋਈ ਵੀ ਉਲੰਘਣਾ ਕੀਤੀ ਗਈ ਤਾਂ ਉਨ੍ਹਾਂ ਵਿਰੁੱਧ ਆਈ.ਪੀ.ਸੀ. ਦੀ ਧਾਰਾ 188 ਅਤੇ Epidemic Diseases Act 1897 ਅਤੇ Disaster Management Act, 2005 ਦੇ ਤਹਿਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ।

Scanned with CamScanner

ਪੰ.ਅੰਕਣ ਨੰ: 2710-32/CMC ਮਿਤੀ 04/05/2020

ਇਸ ਦਾ ਇੱਕ ਉਤਾਰਾ:

1. ਸੀਨੀਅਰ ਕਪਤਾਨ ਪੁਲਿਸ, ਬਠਿੰਡਾ
2. ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਬਠਿੰਡਾ
3. ਕਮਿਸ਼ਨਰ, ਨਗਰ ਨਿਗਮ, ਬਠਿੰਡਾ
4. ਉਪ ਮੰਡਲ ਮੈਜਿਸਟਰੇਟ, ਬਠਿੰਡਾ / ਤਲਵੰਡੀ ਸਾਬੋ/ ਰਾਮਪੁਰਾ ਫੂਲ/ ਮੌੜ
5. ਸਹਾਇਕ ਕਮਿਸ਼ਨਰ (ਸਿਖਲਾਈ ਅਧੀਨ), ਬਠਿੰਡਾ
6. ਤਹਿਸੀਲਦਾਰ, ਬਠਿੰਡਾ / ਤਲਵੰਡੀ ਸਾਬੋ/ ਰਾਮਪੁਰਾ ਫੂਲ/ ਮੌੜ
7. ਜ਼ਿਲ੍ਹਾ ਲੋਕ ਸੰਪਰਕ ਅਫਸਰ, ਬਠਿੰਡਾ।
8. ਜ਼ਿਲ੍ਹਾ ਮੰਡੀ ਅਫਸਰ, ਬਠਿੰਡਾ।
9. ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਬਠਿੰਡਾ।
10. ਜ਼ਿਲਾ ਵਿਕਾਸ ਅਤੇ ਪੰਚਾਇਤ ਅਫ਼ਸਰ, ਬਠਿੰਡਾ।
11. ਕਾਰਜਕਾਰੀ ਇੰਜੀਨੀਅਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ, ਬਠਿੰਡਾ
12. ਕਾਰਜਕਾਰੀ ਇੰਜੀਨੀਅਰ, ਇਲੈਕਟ੍ਰਿਕ, ਬਠਿੰਡਾ
13. ਸਮੂਹ ਬਲਾਕ ਅਤੇ ਪੰਚਾਇਤ ਅਫ਼ਸਰ, ਜ਼ਿਲ੍ਹਾ ਬਠਿੰਡਾ।
14. ਸਿਵਲ ਸਰਜਨ, ਬਠਿੰਡਾ
15. ਜ਼ਿਲ੍ਹਾ ਸਿੱਖਿਆ ਅਫ਼ਸਰ, ਬਠਿੰਡਾ (ਸੈਕੰਡਰੀ/ਐਲੀਮੈਂਟਰੀ)
16. ਸਾਰੇ ਸਪੈਸ਼ਲ ਕਾਰਜਕਾਰੀ ਮੈਜਿਸਟਰੇਟ, ਜ਼ਿਲ੍ਹਾ ਬਠਿੰਡਾ

ਪਾਸ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਮੈਜਿਸਟਰੇਟ,
ਬਠਿੰਡਾ।

Scanned with CamScanner